# Visit of Prime Minister to Indonesia for the G20 Summit

November 10, 2022

…………………

## G-20 ਸਿਖਰ ਸੰਮੇਲਨ ਵਿਚ ਸ਼ਿਰਕਤ ਕਰਨ ਲਈ ਪ੍ਰਧਾਨ ਮੰਤਰੀ ਦਾ ਇੰਡੋਨੇਸ਼ੀਆ ਦੌਰਾ

## 10 ਨਵੰਬਰ, 2022

1. ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸ਼੍ਰੀਮਾਨ ਮਿਸਟਰ ਜੋਕੋ ਵਿਡੋਡੋ ਦੇ ਸੱਦੇ 'ਤੇ 17ਵੇਂ G20 ਸਿਖਰ ਸੰਮੇਲਨ ਵਿੱਚ ਸ਼ਾਮਲ ਹੋਣ ਲਈ 14-16 ਨਵੰਬਰ ਤੱਕ ਬਾਲੀ (ਇੰਡੋਨੇਸ਼ੀਆ) ਦਾ ਦੌਰਾ ਕਰਨਗੇ|

2. ਬਾਲੀ ਸਿਖਰ ਸੰਮੇਲਨ ਦੌਰਾਨ G20 ਆਗੂ "Recover Together, Recover Stronger" ਵਿਸ਼ੇ ਤਹਿਤ ਆਲਮੀ ਚਿੰਤਾ ਦੇ ਮੁੱਖ ਮੁੱਦਿਆਂ 'ਤੇ ਵਿਆਪਕ ਵਿਚਾਰ-ਵਟਾਂਦਰਾ ਕਰਨਗੇ| G20 ਸਿਖਰ ਸੰਮੇਲਨ ਦੇ ਏਜੇਂਡਾ ਤਹਿਤ ਭੋਜਨ ਅਤੇ ਓਰਜਾ ਸੁਰੱਖਿਆ, ਸਿਹਤ ਅਤੇ ਡਿਜੀਟਲ ਤਬਦੀਲੀ ਵਿਸ਼ਿਆਂ 'ਤੇਬ ਤਿੰਨ ਕਾਰਜਕਾਰੀ ਸੈਸ਼ਨ ਹੋਣਗੇ|

3. ਸਿਖਰ ਸੰਮੇਲਨ ਦੇ ਸਮਾਪਤੀ ਸੈਸ਼ਨ ਵਿੱਚ ਰਾਸ਼ਟਰਪਤੀ ਵਿਡੋਡੋ ਪ੍ਰਤੀਕ ਰੂਪ ਵਿਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਜੀ-20 ਦੀ ਪ੍ਰਧਾਨਗੀ ਸੌਂਪਣਗੇ| ਭਾਰਤ ਰਸਮੀ ਤੌਰ 'ਤੇ 1 ਦਸੰਬਰ, 2022 ਤੋਂ G20 ਦੀ ਪ੍ਰਧਾਨਗੀ ਸੰਭਾਲੇਗਾ|

4. ਸਿਖਰ ਸੰਮੇਲਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਆਪਣੇ ਕੁਝ ਹਮਰੁਤਬਾਵਾਂ ਨਾਲ ਦੁਵੱਲੀ ਮੀਟਿੰਗਾਂ ਕਰਨਗੇ| ਪ੍ਰਧਾਨ ਮੰਤਰੀ ਬਾਲੀ ਵਿੱਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਨਗੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਨਗੇ|

ਨਵੀਂ ਦਿੱਲੀ

10 ਨਵੰਬਰ, 2022

DISCLAIMER: This is an approximate translation. The original is available in English on MEA's website and may be referred to as the official press release.